Exam. Code : 108501
Subject Code : 2059

**B.Com. 1st Semester**

**PUNJABI COMPULSORY**

**Paper–BCG-102 (i)**

Time Allowed—3 Hours] [Maximum Marks—50

**ਨੋਟ** :- ਕੁੱਲ **ਅੱਠ** ਪ੍ਰਸ਼ਨ ਹਨ। ਪ੍ਰੀਖਿਆਰਥੀ ਕੋਈ **ਪੰਜ** ਪ੍ਰਸ਼ਨ ਕਰਨ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਸੈਕਸ਼ਨ—ਏ**

1. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਆਓ ਹਿੰਦੀਓ ਰਲ ਛੋਹੀਏ, ਕੋਈ ਇਸ਼ਕ ਤ੍ਰਿਖੜਾ ਤਾਲ ਵਲੇ।
ਪਰਦੇ ਚਾਈਏ, ਘੁੰਗਟ ਲਾਹੀਏ, ਨੱਚੀਏ ਨਾਲੋਂ ਨਾਲ ਵਲੇ।
ਦੇਸ਼ ਪਿਆਰ ਦੀ ਮਦਰਾ ਪੀ ਕੇ, ਹੋਈਏ ਮਸਤ ਬੇਹਾਲ ਵਲੇ।
ਵਲ ਵਲ ਆਈਏ ਕਲਾਵੇ ਕਰਦੇ, ਘੁਟ ਘੁਟ ਲਗੀਏ ਨਾਲ ਵਲੇ।
ਕਾਲੇ ਨੱਚਣ, ਗੋਰੇ ਨੱਚਣ, ਨੱਚਣ ਅਮੀਰ ਕੰਗਾਲ ਵਲੇ।
ਹਿੰਦੂ ਨੱਚਣ, ਮੁਸਲਿਮ ਨੱਚਣ, ਕੰਮੀਂ ਤੇ ਚਮਰਾਲ ਵਲੇ।
ਕੁੜੀਆਂ ਤੇ ਮੁਟਿਆਰਾਂ ਨੱਚਣ, ਨੱਚ ਨੱਚ ਹੋਣ ਬੇਹਾਲ ਵਲੇ।
ਬੁੱਢੀਆਂ ਤੇ ਨੱਢੀਆਂ ਨੱਚਣ, ਨੱਚ ਨੱਚ ਹੋਣ ਬੇਹਾਲ ਵਲੇ।

2. 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਂ' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।



Scanned with CamScanner

## ਸੈਕਸ਼ਨ—ਬੀ

3. ਡਾ. ਸ਼ੇਰ ਸਿੰਘ ਦੁਆਰਾ ਰਚਿਤ 'ਇਬਰਾਹਮ ਲਿੰਕਨ' ਜੀਵਨੀ ਦਾ ਵਿਸ਼ਾ-ਵਸਤੂ ਲਿਖੋ।

4. ਬਾਬਾ ਪ੍ਰੇਮ ਸਿੰਘ ਹੋਤੀ ਦੁਆਰਾ ਰਚਿਤ ਜੀਵਨੀ 'ਜਰਨੈਲ ਹਰੀ ਸਿੰਘ ਨਲੂਆ' ਦੇ ਨਾਇਕ ਬਿੰਬ ਦਾ ਚਿਤਰਨ ਕਰੋ।

## ਸੈਕਸ਼ਨ—ਸੀ

5. ਹੇਠ ਲਿਖੇ ਤਿੰਨ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

   (ੳ) ਬੇਰੁਜ਼ਗਾਰੀ

   (ਅ) ਸਮਾਜ ਵਿੱਚ ਔਰਤ ਦੀ ਸਥਿਤੀ

   (ੲ) ਪ੍ਰਦੂਸ਼ਣ।

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

   ਪ੍ਰੋ. ਮੋਹਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਨੂੰ ਇਸਦੀਆਂ ਉਸਾਰੂ ਅਤੇ ਸਿਰਜਣਾਤਮਕ ਬੁਲੰਦੀਆਂ 'ਤੇ ਪਹੁੰਚਾਉਣ ਵਾਲਾ ਅਜ਼ੀਮ ਸ਼ਾਇਰ ਸੀ। ਉਹਨਾਂ ਨੇ ਆਪਣੇ ਦੌਰ ਦਾ ਪ੍ਰਸਿੱਧ ਪੰਜਾਬੀ ਰਸਾਲਾ 'ਪੰਜ ਦਰਿਆ' ਕੱਢਿਆ। ਪ੍ਰਕਾਸ਼ਨ ਘਰ ਖੋਲ੍ਹਿਆ। ਮੋਹਨ ਸਿੰਘ ਰੋਮਾਂਟਿਕ ਕਾਵਿ-ਧਾਰਾ ਦਾ ਪ੍ਰਮੁੱਖ ਕਵੀ ਹੈ। ਉਸਦੀ ਕਵਿਤਾ ਵਿੱਚ ਸ਼ਿੱਦਤ ਭਰੇ ਉਮਾਹੀ ਪਿਆਰ ਦਾ ਜਜ਼ਬਾ ਪ੍ਰਧਾਨ ਹੈ। ਉਸਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਚਾਹੇ ਦੇਸ਼ ਪਿਆਰ ਦੀ



Scanned with CamScanner

ਕਵਿਤਾ ਰਚੇ, ਇਸ਼ਕ ਦਾ <u>ਮਘਦਾ</u> ਅਹਿਸਾਸ ਇਸਦੇ ਅੰਗ-ਸੰਗ ਵਿਚਰਦਾ ਹੈ। ਉਹ ਨਿੱਜੀ ਪਿਆਰ ਅਤੇ ਲੋਕ-ਪਿਆਰ ਦਰਮਿਆਨ ਸਾਂਝੇ ਸੂਤਰ ਦੀ ਤਲਾਸ਼ ਦਾ ਸ਼ਾਇਰ ਹੈ। ਸੱਚੀ ਮੁਹੱਬਤ, ਆਜ਼ਾਦੀ, ਬਰਾਬਰੀ ਦੇ ਸੁਪਨੇ ਉਸਦਾ ਸਿਰਜਣਾਤਮਕ ਸ੍ਰੋਤ ਹਨ। ਪ੍ਰਗਤੀਵਾਦੀ ਚੇਤਨਾ ਉਸਦੀ ਮੂਲ <u>ਟੇਕ</u> ਹੈ। ਨਜ਼ਮ, ਰੁਬਾਈ, ਬਿਰਤਾਂਤਕ ਕਵਿਤਾ, ਮਹਾਂਕਾਵਿ ਕਾਵਿ-ਰੂਪਾਂ ਵਿੱਚ ਰਚਨਾ ਕਰਕੇ ਪ੍ਰੋ. ਮੋਹਨ ਸਿੰਘ ਨੇ ਪੰਜਾਬੀ ਕਵਿਤਾ ਵਿੱਚ ਵੱਡੀ ਸਮਰੱਥਾ ਲਿਆਂਦੀ।

**ਪ੍ਰਸ਼ਨ :**

(ੳ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(ਅ) ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੀ ਮੁੱਖ ਵਿਸ਼ੇਸ਼ਤਾ ਕੀ ਹੈ ?

(ੲ) ਪ੍ਰੋ. ਮੋਹਨ ਸਿੰਘ ਨੇ ਕਿਹੜੇ-ਕਿਹੜੇ ਕਾਵਿ-ਰੂਪਾਂ ਦੀ ਵਰਤੋਂ ਕੀਤੀ ?

(ਸ) ਪੈਰ੍ਹੇ ਵਿੱਚੋਂ ਦੋ ਨਾਂਵ ਲੱਭੋ।

(ਹ) ਲਕੀਰੇ ਸ਼ਬਦਾਂ ਦੇ ਅਰਥ ਦੱਸੋ।

## ਸੈਕਸ਼ਨ—ਡੀ

7. ਭਾਸ਼ਾ ਅਤੇ ਉਪਭਾਸ਼ਾ ਵਿੱਚ ਅੰਤਰ ਸਪੱਸ਼ਟ ਕਰੋ।

8. ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ 'ਤੇ ਨੋਟ ਲਿਖੋ।



Scanned with CamScanner